# **ਪ੍ਰੈਸ ਨੋਟ**

ਸ੍ਰੀ ਸੰਦੀਪ ਕੁਮਾਰ ਸ਼ਰਮਾ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਰਮਿੰਦਰ ਸਿੰਘ ਪੁੱਤਰ ਸ੍ਰੀ ਗੁਰਮੇਲ ਸਿੰਘ ਵਾਸੀ ਪਿੰਡ ਨੰਗਲ ਮੱਜਾ ਤਹਿਸੀਲ ਫਗਵਾੜਾ ਜਿਲਾ ਕਪੂਰਥਲਾ ਨੇ ਥਾਣਾ ਸਦਰ ਫਗਵਾੜਾ ਦੀ ਪੁਲਿਸ ਪਾਸ ਬਿਆਨ ਲਿਖਾਇਆ ਸੀ ,ਕਿ ਉਸ ਦੇ ਪਿੰਡ ਵਾਲੇ ਘਰ ਵਿੱਚ ਬਿਸਰਾਮ ਸਮਦ ਪੁੱਤਰ ਸ੍ਰੀ ਸਿਰਮਲ ਸਮਦ ਵਾਸੀ ਝਾਰਖੰਡ ਹਾਲ ਵਾਸੀ ਪਿੰਡ ਨੰਗਲ ਮੱਝਾ ਤਹਿਸੀਲ ਫਗਵਾੜਾ ਵਿਖੇ ਕਰੀਬ 7/8 ਸਾਲ ਤੋਂ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਸੀ। ਮਿਤੀ 20.02.2018 ਦੀ ਰਾਤ ਨੂੰ ਕੁਲਦੀਪ ਸਿੰਘ ਪੁੱਤਰ ਸ੍ਰੀ ਮਹਿੰਗਾ ਸਿੰਘ ਵਾਸੀ ਪਿੰਡ ਨੰਗਲ ਮੱਝਾ ਤਹਿਸੀਲ ਫਗਵਾੜਾ ਦੀ ਲੜਕੀ ਦੀ ਸ਼ਾਦੀ ਹੋਣ ਕਰਕੇ ਜਾਗੋ ਦਾ ਪ੍ਰੋਗਰਾਮ ਸੀ ਤੇ ਕੁਲਦੀਪ ਸਿੰਘ ਨੇ ਬਿਸਰਾਮ ਸਮਦ ਤੇ ਉਸ ਦੇ ਸਾਥੀ ਨੂੰ, 3/4 ਦਿਨ ਤੋਂ ਹੀ ਵਿਆਹ ਵਿੱਚ ਕੰਮ ਕਰਨ ਵਾਸਤੇ ਰੱਖਿਆ ਸੀ ਤੇ ਇਹ ਦੋਵੇਂ ਜਣੇ ਰੋਟੀ ਪਾਣੀ ਖਾ ਕੇ ਦੇਰ ਰਾਤ ਆਪਣੇ-ਆਪਣੇ ਘਰ ਚਲੇ ਗਏ।ਮਿਤੀ 21.02.2018 ਨੂੰ ਉਸ ਨੂੰ ਕੁਲਦੀਪ ਸਿੰਘ ਪੁੱਤਰ ਮਹਿੰਗਾ ਸਿੰਘ ਨੇ ਵਕਤ ਕਰੀਬ 07:00 ਵਜੇ ਸੁਭਾ ਫੋਨ ਕਰਕੇ ਦੱਸਿਆ ਕਿ ਬਿਸਰਾਮ ਸਮਦ ਦੀ ਲਾਸ਼ ਖੂਨ ਨਾਲ ਲਥਪਥ ਹੈ ਤੇ ਉਸ ਦੀ ਹਵੇਲੀ ਤੋਂ ਕਰੀਬ 300/400 ਫੁੱਟ ਦੂਰ ਸਫੈਦਿਆਂ ਵਿੱਚ ਪਈ ਹੈ।ਜਿਸ ਤੇ ਮੁਦਈ ਮੁਕੱਦਮਾ ਪਰਮਿੰਦਰ ਸਿੰਘ ਮੋਹਤਬਰ ਵਿਕਅਤੀਆਂ ਨੂੰ ਲੈ ਕੇ ਮੌਕਾ ਤੇ ਗਿਆ ,ਜਿਨਾਂ ਨੇ ਦੇਖਿਆ ਕਿ ਹਵੇਲੀ ਦੀਆਂ ਪੌੜੀਆਂ ਦੇ ਲਾਗੇ ਕਾਫੀ ਖੂਨ ਸੀ ਤੇ ਉਥੇ ਇੱਕ ਇੱਟ ਖੂਨ ਨਾਲ ਲਿਬੜੀ ਹੋਈ ਮਿਲੀ ਤੇ ਬਿਸਰਾਮ ਸਮਦ ਦੀ ਲਾਸ਼ ਨੂੰ ਧੂਹ ਕੇ ਸਫੈਦਿਆਂ ਵਿੱਚ ਸੁੱਟ ਦਿੱਤਾ ਤੇ ਮੌਕਾ ਤੇ ਖੂਨ ਉਪਰ ਮਿੱਟੀ ਸੁੱਟ ਦਿੱਤੀ ।ਜਿਸ ਤੇ ਪਰਮਿੰਦਰ ਸਿੰਘ ਦੇ ਬਿਆਨ ਤੇ ਮੁਕੱਦਮਾ ਨੰਬਰ 44 ਮਿਤੀ 21.02.2018 ਜੁਰਮ 302/201 ਭ:ਦ ਥਾਣਾ ਸਦਰ ਫਗਵਾੜਾ ਵਿਖੇ ਬਰਖਿਲਾਫ ਨਾ-ਮਾਲੂਮ ਵਿਅਕਤੀਆਂ ਦੇ ਦਰਜ ਰਜਿਸਟਰ ਕੀਤਾ ਗਿਆ ਸੀ।

ਜੋ ਇਸ ਮੁਕੱਦਮਾ ਨੂੰ ਟਰੇਸ ਕਰਨ ਲਈ ਸ੍ਰੀ ਪਰਮਿੰਦਰ ਸਿੰਘ ਭੰਡਾਲ ਪੀ.ਪੀ.ਐਸ ਪੁਲਿਸ ਕਪਤਾਨ ਫਗਵਾੜਾ ਵੱਲੋਂ ਸ੍ਰੀ ਸੋਹਣ ਲਾਲ, ਉਪ ਪੁਲਿਸ ਕਪਤਾਨ ਫਗਵਾੜਾ ਦੀ ਨਿਗਰਾਨੀ ਹੇਠ ਉਕਤ ਮ੍ਰਿਤਕ ਬਿਸਰਾਮ ਸ਼ਮਦ ਪੁੱਤਰ ਸ੍ਰੀ ਨਿਰਮਲ ਸਮਦ ਵਾਸੀ ਝਾਰਖੰਡ ਹਾਲ ਵਾਸੀ ਪਿੰਡ ਨੰਗਲ ਮੱਝਾ ਤਹਿਸੀਲ ਫਗਵਾੜਾ ਦੇ ਕਤਲ ਨੂੰ ਟਰੇਸ ਕਰਨ ਲਈ, ਇੰਸਪੈਕਟਰ ਲਖਵੀਰ ਸਿੰਘ ਮੁੱਖ ਅਫਸਰ ਥਾਣਾ ਸਦਰ ਫਗਵਾੜਾ ਅਤੇ ਐਸ.ਆਈ ਬਲਜਿੰਦਰ ਸਿੰਘ ਇੰਚਾਰਜ ਚੌਕੀ ਚਹੇੜੂ ਫਗਵਾੜਾ ਦੀਆਂ ਟੀਮਾਂ ਬਣਾਈਆਂ ਗਈਆਂ ਸਨ।ਜੋ ਇਹਨਾ ਟੀਮਾਂ ਵੱਲੋਂ ਉਕਤ ਕਤਲ ਨੂੰ ਦਿਨ ਰਾਤ ਮੇਹਨਤ ਕਰਕੇ ਟਰੇਸ ਕੀਤਾ ਗਿਆ ਹੈ।ਮ੍ਰਿਤਕ ਬਿਸਰਾਮ ਸਮਦ ਦਾ ਕਤਲ ਕਰਨ ਵਾਲੇ **ਦੋਸ਼ੀ ਵਿਨੋਦ ਤੋਪਨ ਪੁੱਤਰ ਸਾਮੇਲ ਤੋਪਨ ਵਾਸੀ ਧੋਬਰੰਜਨ ਥਾਣਾ ਜਲਡੇਗਾ ਸੁਖਾਜਰੀਆ ਮਿਸਡੇਗਾ ਝਾਰਖੰਡ ਨੂੰ ਪਿੰਡ ਪ੍ਰਵੇਜ ਨਗਰ ਥਾਣਾ ਫੱਤੂਢੀਂਗਾ ਦੇ ਬੱਸ ਸਟੈਂਡ ਤੋਂ ਗ੍ਰਿਫਤਾਰ ਕੀਤਾ ਗਿਆ**, ਜਿਸ ਨੇ ਮੁਢਲੀ ਪੁੱਛਗਿੱਛ ਵਿੱਚ ਦੱਸਿਆ ਕਿ ਇਸ ਨੇ ਤੇ ਮ੍ਰਿਤਕ ਬਿਸਰਾਮ ਸਮਦ ਨੇ ਇਕੱਠਿਆ ਨੇ ਰਲ੍ਹ ਕੇ ਕੋਠੇ ਤੇ ਬੈਠ ਕੇ ਸ਼ਰਾਬ ਪੀਤੀ ਤੇ ਸ਼ਰਾਬ ਪੀਦੇਂ ਹੀ ਇਹ ਆਪਸ ਵਿੱਚ ਲੜ੍ਹ ਪਏ ਤੇ ਲੜਦੇ ਸਮੇ ਵਿਨੋਦ ਤੋਪਨ ਨੇ ਬਿਸਰਾਮ ਸਮਦ ਨੂੰ ਕੋਠੇ ਤੋਂ ਧੱਕਾ ਦੇ ਕੇ ਸੁੱਟ ਦਿੱਤਾ ਤੇ ਬਿਸਰਾਮ ਸਮਦ ਦੇ ਪੌੜੀਆਂ ਤੋਂ ਡਿੱਗਦੇ ਸਮੇ ਸਿਰ ਵਿੱਚ ਸੱਟ ਲੱਗ ਗਈ ਤੇ ਬਾਅਦ ਵਿੱਚ ਇਸ ਨੇ ਬਿਸਰਾਮ ਸਮਦ ਦੇ ਇੱਟ ਮਾਰ ਕੇ ਉਸ ਨੂੰ ਜਾਨ ਤੋਂ ਮਾਰ ਦਿੱਤਾ ਫਿਰ ਇਸ ਨੇ ਬਿਸਰਾਮ ਸਮਦ ਦੀ ਲਾਸ਼ ਨੂੰ 300/400 ਫੁੱਟ ਦੂਰ ਸਫੈਦਿਆ ਵਿੱਚ ਸੁੱਟ ਦਿੱਤਾ ਤੇ ਆਪ ਆਪਣੇ ਪਰਿਵਾਰ ਸਮੇਤ ਮੌਕਾ ਤੋਂ ਭੱਜ ਗਿਆ ਸੀ।ਜਿਸ ਤੇ ਮੁਖਬਰ ਖਾਸ ਨੇ ਇਸ ਬਾਰੇ ਦੱਸਿਆ ਕਿ ਵਿਨੋਦ ਤੋਪਨ ਅੱਜ ਪ੍ਰਵੇਜ ਨਗਰ ਦੇ ਬੱਸ ਸਟੈਂਡ ਤੋਂ ਵੀ ਭੱਜਣ ਦੀ ਤਾਂਘ ਵਿੱਚ ਸੀ।

**ਦੋਸ਼ੀ ਦੇ ਖਿਲਾਫ ਦਰਜ ਮੁਕੱਦਮਾ:**

1. ਮੁਕੱਦਮਾ ਨੰਬਰ 44 ਮਿਤੀ 21.02.2018 ਜੁਰਮ 302/201 ਭ:ਦ ਥਾਣਾ ਸਦਰ ਫਗਵਾੜਾ, ਕਪੂਰਥਲਾ।

**ਗ੍ਰਿਫਤਾਰ ਦੋਸ਼ੀ:**

1.ਵਿਨੋਦ ਤੋਪਨ ਪੁੱਤਰ ਸਾਮੇਲ ਤੋਪਨੋ ਵਾਸੀ ਧੋਬਰੰਜਨ ਥਾਣਾ ਜਲਡੇਗਾ ਸੁਖਾਜਰੀਆ ਮਿਸਡੇਗਾ ਝਾਰਖੰਡ।


SUPERINTENDENT OF POLICE
PHAGWARA